


# ਹਾਈ ਸਕੂਲ ਦੇ ਚਾਰ ਸਾਲ ਤੋਂ ਬਾਦ ਗ੍ਰੈਜੂਏਸ਼ਨ ਪੂਰੀ ਨਾ ਕਰ ਸਕਣ ਵਾਲੇ ਵਿਦਿਆਰਥੀਆਂ ਲਈ ਵਿਕਲਪ

ਉਹ ਵਿਦਿਆਰਥੀ ਜਿਨ੍ਹਾਂ ਨੇ ਆਪਣੀਆਂ ਹਾਈ ਸਕੂਲ ਗ੍ਰੈਜੂਏਸ਼ਨ ਯੋਗਤਾਵਾਂ ਪੂਰੀਆਂ ਨਹੀਂ ਕੀਤੀਆਂ **ਅਤੇ** ਨਿਯਮਿਤ ਹਾਈ ਸਕੂਲ ਡਿਪਲੋਮਾ ਪ੍ਰਾਪਤ ਨਹੀਂ ਕੀਤਾ, ਉਸ ਸਕੂਲ ਵਰ੍ਹੇ ਦੁਆਰਾ ਜਿਸ ਵਿੱਚ ਉਹਨਾਂ ਦੀ ਉਮਰ 21 ਸਾਲ ਹੋਈ ਹੈ, ਇੱਕ ਮੁਫ਼ਤ ਪਬਲਿਕ ਸਿਖਲਾਈ ਲਈ ਯੋਗ ਹਨ। ਇਸ ਵਿੱਚ 21 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀ ਸ਼ਾਮਲ ਹਨ ਜਿਨ੍ਹਾਂ ਨੇ ਹਾਈ ਸਕੂਲ ਅਨੁਰੂਪ ਸਰਟੀਫਿਕੇਟ ਪ੍ਰਾਪਤ ਕੀਤਾ ਹੈ ਜਾਂ ਹੇਠ ਲਿਖਿਆਂ ਵਿੱਚ ਦਾਖ਼ਲਾ ਲਿਆ ਹੈ:

- ਕੈਰੀਅਰ ਅਤੇ ਤਕਨੀਕੀ ਸਿਖਲਾਈ ਪ੍ਰੋਗਰਾਮ ਜਿਹਨਾਂ ਵਿੱਚ ਨਿਪੁੰਨਤਾ ਸੈਂਟਰ ਵੀ ਸ਼ਾਮਲ ਹਨ;
- ਪਰਿਵਰਤਨਕਾਲੀਨ ਦੁਭਾਸ਼ੀ ਨਿਰਦੇਸ਼ਨ ਪ੍ਰੋਗਰਾਮ;
- ਵਿਸ਼ੇਸ਼ ਸਿਖਲਾਈ ਪ੍ਰੋਗਰਾਮ;**ਜਾਂ**
- ਪ੍ਰਵਾਸੀ ਸਿਖਲਾਈ ਪ੍ਰੋਗਰਾਮ।

ਹਾਈ ਸਕੂਲ ਅਤੇ ਸਕੂਲ ਡਿਸਟ੍ਰਿਕਟ ਬੇਸਿਕ ਐਜੂਕੇਸ਼ਨ ਐਲੋਕੇਸ਼ਨ (ਬੀਈਏ) (Basic Education Allocation (BEA)) ਪ੍ਰਾਪਤ ਕਰਨਾ ਜਾਰੀ ਰੱਖਦੇ ਹਨ ਅਤੇ ਹੋਰ ਕੋਈ ਵੀ ਫੰਡਿੰਗ ਜਿਹੜੀ ਕਿ ਇਹ ਵਿਦਿਆਰਥੀ ਪੈਦਾ ਕਰਦੇ ਹਨ।

## ਮੁਫ਼ਤ ਵਿਕਲਪ

ਉਹਨਾਂ ਵਿਦਿਆਰਥੀਆਂ ਲਈ ਮੁਫ਼ਤ ਵਿਕਲਪ ਉਪਲਬਧ ਹਨ ਜਿਹੜੇ ਹਾਈ ਸਕੂਲ ਦੇ ਚਾਰ ਸਾਲ ਤੋਂ ਬਾਦ ਗ੍ਰੈਜੂਏਟ ਨਹੀਂ ਹੋ ਰਹੇ ਅਤੇ ਆਪਣੀਆਂ ਹਾਈ ਸਕੂਲ ਗ੍ਰੈਜੂਏਸ਼ਨ ਯੋਗਤਾਵਾਂ ਪੂਰੀਆਂ ਕਰਨਾ ਚਾਹੁੰਦੇ ਹਨ। ਵਿਕਲਪ ਹਨ:

1. **ਹਾਈ ਸਕੂਲ ਵਿੱਚ ਦਾਖ਼ਲਾ ਜਾਰੀ:** ਸਾਰੇ ਵਿਦਿਆਰਥੀ ਸਕੂਲ ਵਰ੍ਹੇ ਦੌਰਾਨ ਜਿਸ ਵਿੱਚ ਉਹ 21 ਸਾਲ ਦੇ ਹੋਏ ਹਨ, ਆਪਣੇ ਰਿਹਾਇਸ਼ੀ ਹਾਈ ਸਕੂਲ ਵਿੱਚ ਦਾਖ਼ਲ ਹੋਣ ਦੇ ਯੋਗ ਹਨ।

2. **ਸਕੂਲ ਡਿਸਟ੍ਰਿਕਟ ਹਾਈ ਸਕੂਲ ਸਮਾਪਤੀ ਪ੍ਰੋਗਰਾਮਵਿੱਚਦਾਖ਼ਲਾ:** ਸਕੂਲ ਡਿਸਟ੍ਰਿਕਟ, ਉਹਨਾਂ ਵਿਦਿਆਰਥੀਆਂ ਨੂੰ, ਜਿਹੜੇ ਅਜੇ ਵੀ ਆਪਣੇ ਰਿਹਾਇਸ਼ੀ ਸਕੂਲ ਡਿਸਟ੍ਰਿਕਟ ਵਿੱਚ ਦਾਖ਼ਲ ਹਨ, ਟਿਊਸ਼ਨ-ਰਹਿਤ ਹਾਈ ਸਕੂਲ ਸਮਾਪਨ ਦੀ ਪੇਸ਼ਕਸ਼ ਲਈ ਕਮਿਊਨਿਟੀ ਕਾਲਜਾਂ ਨਾਲ ਭਾਗੀਦਾਰੀ ਕਰ ਸਕਦੇ ਹਨ। ਪ੍ਰੋਗਰਾਮ ਦੀ ਸਮਪਤੀ ਤੋਂ ਬਾਦ, ਵਿਦਿਆਰਥੀ ਉਸ ਡਿਸਟ੍ਰਿਕਟ ਤੋਂ ਹਾਈ ਸਕੂਲ ਡਿਪਲੋਮਾ ਪ੍ਰਾਪਤ ਕਰਦੇ ਹਨ।

3. **ਰਨਿੰਗ ਸਟਾਰਟ (Running Start) ਜਾਰੀ ਰੱਖਣਾ:** ਉਹ ਵਿਦਿਆਰਥੀ ਜਿਨ੍ਹਾਂ ਨੇ ਆਪਣੇ 11ਵੇਂ ਅਤੇ 12ਵੇਂ ਗ੍ਰੇਡ ਸਾਲਾਂ ਵਿੱਚ ਰਨਿੰਗ ਸਟਾਰਟ (Running Start) ਵਿੱਚ ਭਾਗ ਲਿਆ ਪਰ ਹਾਈ ਸਕੂਲ ਗ੍ਰੈਜੂਏਸ਼ਨ ਲਈ ਲੋੜੀਂਦੀਆਂ ਕਲਾਸਾਂ ਪੂਰੀਆਂ ਨਹੀਂ ਕੀਤੀਆਂ, ਰਨਿੰਗ ਸਟਾਰਟ (Running Start) ਵਿੱਚ ਭਾਗ ਲੈਣਾ ਜਾਰੀ ਰੱਖ ਸਕਦੇ ਹਨ, ਪਰ ਰਨਿੰਗ ਸਟਾਰਟ (Running Start) ਦੁਆਰਾ ਕੇਵਲ ਉਹੀ ਕਲਾਸਾਂ ਲੈਣਗੇ ਜਿਨ੍ਹਾਂ ਵਿੱਚੋਂ ਉਹ ਫੇਲ੍ਹ ਹੋਏ ਜਾਂ ਜਿਹੜੀਆਂਕਲਾਸਾਂਪੂਰੀਆਂ ਨਹੀਂ ਕੀਤੀਆਂ ਅਤੇ ਜੋ ਹਾਈ ਸਕੂਲ ਡਿਪਲੋਮਾ ਪ੍ਰਾਪਤ ਕਰਨ ਲਈ ਲੋੜੀਂਦੀਆਂ ਹਨ। (ਰਨਿੰਗ ਸਟਾਰਟ (Running Start) ਪ੍ਰੋਗਰਾਮ 11ਵੇਂ ਅਤੇ 12ਵੇਂ ਗ੍ਰੇਡ ਦੇ ਯੋਗ ਵਿਦਿਆਰਥੀਆਂ ਨੂੰ ਟਿਊਸ਼ਨ-ਰਹਿਤ ਕਾਲਜ ਕਲਾਸਾਂ ਲੈਣ ਦੀ ਇਜਾਜ਼ਤ ਦੇਂਦਾ ਹੈ ਅਤੇ ਇਹਨਾਂ ਕਲਾਸਾਂ ਲਈ ਹਾਈ ਸਕੂਲ ਅਤੇ ਕਾਲਜ ਦੋਹਾਂ ਦੇ ਕ੍ਰੈਡਿਟ ਜੋੜਦਾ ਹੈ।)

4. **ਓਪਨ ਡੋਰਜ਼ [1418] ਯੂਥ ਰੀ-ਐਨਗੇਜਮੈਂਟ (Open Doors [1418] Youth Reengagement):** ਡਿਸਟ੍ਰਿਕਟ ਰਾਹੀਂ ਚਲਾਇਆ ਜਾ ਰਿਹਾ ਪ੍ਰੋਗਰਾਮ ਜਾਂ ਡਿਸਟ੍ਰਿਕਟ ਅਤੇ ਇੱਕ ਕਾਲਜ ਵਿੱਚ ਭਾਗੀਦਾਰੀ, ਈਐਸਡੀ (ESD) ਜਾਂ ਕਮਿਊਨਿਟੀ-ਆਧਾਰਿਤ ਸੰਸਥਾ ਜਿਹੜੀ ਇਹ ਪ੍ਰਦਾਨ ਕਰਦੀ ਹੈ:

   - ਵਿਦਿਅਕ ਨਿਰਦੇਸ਼, ਜਿਸ ਵਿੱਚ ਸ਼ਾਮਲ ਹਨ - ਹਾਈ ਸਕੂਲ ਅਨੁਰੂਪ ਸਰਟੀਫਿਕੇਟ, ਵਿਦਿਅਕ ਕੁਸ਼ਲਤਾਵਾਂ ਅਤੇ ਕਾਲਜ ਅਤੇ ਕੰਮ ਕਰਨ ਲਈ ਤਿਆਰੀ, ਜਿਹੜੀ ਕਿ ਇੱਕ ਡਿਪਲੋਮੇ ਲਈ ਹਾਈ ਸਕੂਲ ਕ੍ਰੈਡਿਟ ਪੈਦਾ ਕਰਦੀ ਹੈ ਅਤੇ ਵਿਦਿਅਕ ਅਤੇ ਕੰਮ ਲਈ ਤਿਆਰੀ ਦਾ ਟੀਚਾ ਰੱਖਦੀ ਹੈ।

   - ਪ੍ਰਮਾਣਿਤ ਅਧਿਆਪਕਾਂ ਜਾਂ ਕਾਲਜ ਨਿਰਦੇਸ਼ਕਾਂ, ਜਿੰਨ੍ਹਾਂ ਦੇ ਪ੍ਰਮਾਣ ਕਾਲਜ ਦੁਆਰਾ ਸਥਾਪਿਤ ਕੀਤੇ ਜਾਂਦੇ ਹਨ, ਦੁਆਰਾ ਨਿਰਦੇਸ਼।

   - ਕੇਸ ਪ੍ਰਬੰਧਨ, ਸਲਾਹ-ਮਸ਼ਵਰਾ ਅਤੇ ਸ੍ਰੋਤ ਅਤੇ ਹਵਾਲਾ ਸੇਵਾਵਾਂ।

   - ਯੋਗ ਵਿਦਿਆਰਥੀਆਂ ਲਈ ਟਿਊਸ਼ਨ-ਰਹਿਤ ਕਾਲਜ ਕੋਰਸਾਂ ਵਿੱਚ ਦਾਖ਼ਲੇ ਦਾ ਮੌਕਾ, ਜੇਕਰ ਪ੍ਰੋਗਰਾਮ ਪ੍ਰਦਾਨਕਰਤਾ ਇੱਕ ਕਾਲਜ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ: **www.k12.wa.us/GATE/SupportingStudents/StudentRetrieval.aspx**

*(ਜਾਰੀ)*

ਉਹਨਾਂ ਵਿਦਿਆਰਥੀਆਂ ਜਿਹੜੇ ਹਾਈ ਸਕੂਲ ਦੇ ਚਾਰ ਸਾਲ ਤੋਂ ਬਾਦ ਗ੍ਰੈਜੂਏਸ਼ਨ ਪੂਰੀ ਨਹੀਂ ਕਰ ਰਹੇ, ਲਈ ਭੁਗਤਾਨ ਵਿਕਲਪ ਵੀ ਉਪਲਬਧ ਹਨ, ਜੇਕਰ ਉਹ ਹਾਈ ਸਕੂਲ ਵਿੱਚ ਵਾਪਸ ਨਾ ਜਾਣ ਦੀ ਚੋਣ ਕਰਦੇ ਹਨ।

## ਭੁਗਤਾਨ ਵਿਕਲਪ

ਭੁਗਤਾਨ ਵਿਕਲਪ ਉਹਨਾਂ ਵਿਦਿਆਰਥੀਆਂ ਲਈ ਉਪਲਬਧ ਹਨ ਜਿਹੜੇ ਹਾਈ ਸਕੂਲ ਦੇ ਚਾਰ ਸਾਲ ਤੋਂ ਬਾਦ ਗ੍ਰੈਜੂਏਸ਼ਨ ਪੂਰੀ **ਨਹੀਂ** ਕਰ ਰਹੇ ਅਤੇ ਆਪਣੀਆਂ ਹਾਈ ਸਕੂਲ ਗ੍ਰੈਜੂਏਸ਼ਨ ਦੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੁੰਦੇ ਹਨ। ਇਹ ਵਿਕਲਪ ਹਨ:

1. **ਕਿਸੇਕਮਿਊਨਿਟੀ ਅਤੇ ਤਕਨੀਕੀ ਕਾਲਜ ਹਾਈ ਸਕੂਲ ਸਮਾਪਨ ਪ੍ਰੋਗਰਾਮ ਵਿੱਚ ਦਾਖ਼ਲਾ ਲੈਣਾ:** ਸਟੇਟ ਵਿੱਚ ਬਹੁਤ ਸਾਰੇ ਕਮਿਊਨਿਟੀ ਕਾਲਜ ਹਨ ਜਿਹੜੇ ਹਾਈ ਸਕੂਲ ਸਮਾਪਨ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਨ, ਵਿਦਿਆਰਥੀਆਂ ਨੂੰ *ਕਾਲਜ ਤੋਂ* ਹਾਈ ਸਕੂਲ ਡਿਪਲੋਮਾ ਪ੍ਰਦਾਨ ਕਰਦੇ ਹਨ। ਵਿਦਿਆਰਥੀਆਂ ਨੂੰ ਆਪਣੇ ਰਿਹਾਇਸ਼ੀ ਹਾਈ ਸਕੂਲ ਨੂੰ ਛੱਡ ਕੇ ਇਹਨਾਂ ਪ੍ਰੋਗਰਾਮਾਂ ਵਿੱਚ ਦਾਖ਼ਲਾ ਲੈਣਾ ਚਾਹੀਦਾਹੈ। ਜ਼ਿਆਦਾ ਤੌਰ ਤੇ, ਵਿਦਿਆਰਥੀਆ ਕੋਲੋਂ ਦਾਖ਼ਲੇ ਲਈ ਟਿਊਸ਼ਨ ਅਤੇ ਫ਼ੀਸ ਲਈ ਜਾਂਦੀ ਹੈ, ਭਾਵੇਂ ਕਿ ਕਾਲਜਾਂ ਕੋਲ 19 ਸਾਲ ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀਆਂ ਲਈ ਟਿਊਸ਼ਨ ਅਤੇ ਫ਼ੀਸ ਮੁਆਫ਼ ਕਰਨ ਦਾ ਹੱਕ ਹੁੰਦਾ ਹੈ। 16 ਤੋਂ 18 ਸਾਲ ਦੇ ਵਿਦਿਆਰਥੀਆਂ ਲਈ ਕਿਸੇ ਕਮਿਊਨਿਟੀ ਕਾਲਜ ਹਾਈ ਸਕੂਲ ਸਮਾਪਨ ਪ੍ਰੋਗਰਾਮ ਵਿੱਚ ਦਾਖ਼ਲਾ ਲੈਣ ਲਈ ਆਪਣੇ ਰਿਹਾਇਸ਼ੀ ਸਕੂਲ ਡਿਸਟ੍ਰਿਕਟ ਤੋਂ ਇੱਕ ਰਿਲੀਜ਼ ਸਾਈਨ ਕਰਵਾਉਣਾ ਲਾਜ਼ਮੀ ਹੈ।

2. **ਹਾਈ ਸਕੂਲ ਅਨੁਰੂਪ ਸਰਟੀਫਿਕੇਟ ਜਾਰੀ ਰੱਖਣਾ:** 16 ਸਾਲ ਅਤੇ ਵੱਧ ਉਮਰ ਦੇ ਵਿਦਿਆਰਥੀ ਹਾਈ ਸਕੂਲ ਸਮਾਪਨ ਪ੍ਰੋਗਰਾਮ ਲਈ ਲੋੜੀਂਦੇ ਟੈਸਟ ਪਾਸ ਕਰਕੇ ਹਾਈ ਸਕੂਲ ਅਨੁਰੂਪ ਸਰਟੀਫਿਕੇਟ ਪ੍ਰਾਪਤ ਕਰ ਸਕਦੇ ਹਨ।ਟੈਸਟ ਵਿੱਚ ਭਾਗ ਲੈਣ ਲਈ, ਵਿਦਿਆਰਥੀਆਂ ਨੂੰ ਆਪਣੇ ਰਿਹਾਇਸ਼ੀ ਹਾਈ ਸਕੂਲ ਤੋਂ ਬਾਹਰ ਆਉਣਾ ਜਾਂ ਛੱਡਣਾ ਚਾਹੀਦਾ ਹੈ। ਸਟੇਟ ਕਮਿਊਨਿਟੀ ਅਤੇ ਤਕਨੀਕੀ ਕਾਲਜ ਹਾਈ ਸਕੂਲ ਅਨੁਰੂਪ ਸਰਟੀਫਿਕੇਟਾਂ ਲਈ ਅਧਿਕਾਰਿਤ ਟੈਸਟਿੰਗ ਸੈਂਟਰ ਹਨ। ਵਿਦਿਆਰਥੀ ਅਸੈੱਸਮੈਂਟ(ਸ) ਲਈ ਫ਼ੀਸ ਦੇਂਦੇ ਹਨ ਅਤੇ ਕਮਿਊਨਿਟੀ ਅਤੇ ਉਹਨਾਂ ਨੂੰ ਤਕਨੀਕੀ ਕਾਲਜਾਂ ਦੁਆਰਾ ਪੇਸ਼ ਕੀਤੇ ਜਾਂਦੇ ਤਿਆਰੀ-ਕੋਰਸਾਂ ਲਈ ਟਿਊਸ਼ਨ ਅਤੇ ਫ਼ੀਸ ਦੇਣੀ ਪੈ ਸਕਦੀ ਹੈ। ਇਹ ਸਰਟੀਫਿਕੇਟ ਹਾਈ ਸਕੂਲ ਡਿਪਲੋਮੇ ਵਰਗਾ ਨਹੀਂ ਹੁੰਦਾ, ਅਤੇ ਵਿਦਿਆਰਥੀ ਜਿਹੜੇ ਹਾਈ ਸਕੂਲ ਅਨੁਰੂਪ ਸਰਟੀਫਿਕੇਟ ਪ੍ਰਾਪਤ ਕਰਦੇ ਹਨ, ਨੂੰ ਹਾਈ ਸਕੂਲ ਜਵਾਬਦਾਤਾ ਦੇ ਮੰਤਵ ਲਈ ਡ੍ਰਾਪਆਊਟ ਮੰਨਿਆ ਜਾਂਦਾ ਹੈ। ਪਰ, 21 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀ ਅਤੇ ਜਿਹਨਾਂ ਕੋਲ ਹਾਈ ਸਕੂਲ ਅਨੁਰੂਪ ਸਰਟੀਫਿਕੇਟ ਹੈ, ਤਾਂ ਵੀ ਆਪਣੀਆਂ ਹਾਈ ਸਕੂਲ ਗ੍ਰੈਜੂਏਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਨ ਅਤੇ ਆਪਣਾ ਡਿਪਲੋਮਾ ਪ੍ਰਾਪਤ ਕਰ ਸਕਦੇ ਹਨ। (ਦੇਖੋ ਉੱਪਰ ਦਿੱਤੇ ਗਏ ਮੁਫ਼ਤ ਵਿਕਲਪ ਨੰ. 1 ਅਤੇ 2)

3. **ਕਿਸੇ ਦੋ-ਜਾਂ ਚਾਰ-ਸਾਲਾ ਪਬਲਿਕ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖ਼ਲਾ ਲਓ:** ਵਾਸ਼ਿੰਗਟਨ ਵਿੱਚ ਕਿਸੇ ਵੀ ਪਬਲਿਕ ਕਾਲਜ ਜਾਂ ਯੂਨੀਵਰਸਿਟੀ ਦੀ ਇਹ ਜ਼ਰੂਰਤ ਹੈ ਕਿ ਦਾਖ਼ਲ ਹੋਣ ਲਈ ਵਿਦਿਆਰਥੀ ਕੋਲ ਹਾਈ ਸਕੂਲ ਡਿਪਲੋਮਾ ਹੋਣਾ ਚਾਹੀਦਾ ਹੈ, ਭਾਵੇਂ ਕਿ ਹਾਈ ਸਕੂਲ ਡਿਪਲੋਮਾ ਸਟੇਟ ਦੀਆਂ ਚਾਰ-ਸਾਲਾ ਸੰਸਥਾਵਾਂ ਵਿੱਚ ਦਾਖ਼ਲੇ ਦੀਆਂ ਸੰਭਾਵਨਾਵਾਂ ਬਹੁਤ ਜ਼ਰੂਰੀ ਤੌਰ ’ਤੇ ਵੱਧ ਜਾਂਦੀਆਂ ਹਨ। ਹਾਈ ਸਕੂਲ ਡਿਪਲੋਮੇ ਤੋਂ ਬਗ਼ੈਰ ਵਿਦਿਆਰਥੀ, ਜਿਹੜੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਲੈਂਦੇ ਹਨ, ਹੋਰਨਾਂ ਸਾਰੇ ਵਿਦਿਆਰਥੀਆਂ ਵਾਂਗ, ਪੂਰੀ ਟਿਊਸ਼ਨ ਅਤੇ ਫ਼ੀਸ ਦੇਂਦੇ ਹਨ। ਵਿਦਿਆਰਥੀ ਜਿਨ੍ਹਾਂ ਕੋਲ ਹਾਈ ਸਕੂਲ ਡਿਪਲੋਮਾ ਜਾਂ ਹਾਈ ਸਕੂਲ ਅਨੁਰੂਪ ਸਰਟੀਫਿਕੇਟ ਨਹੀਂ, ਸ਼ਾਇਦ ਕਿਸੇ ਵਿਸ਼ੇਸ਼ ਫੈਡਰਲ, ਸਟੇਟ ਅਤੇ ਪ੍ਰਾਈਵੇਟ ਵਿੱਤੀ ਸਹਾਇਤਾ ਲਈ ਯੋਗ ਨਾ ਹੋ ਸਕਣ।